بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 07.04.2017

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਅਲਜਜ਼ਾਇਰ ਦੇ ਅਹਮਦੀਆਂ ਨੂੰ ਜ਼ੁਲਮ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ**
**ਇਹਨਾ ਮਾਸੂਮਾ, ਨਿਰਦੋਸ਼ਾਂ ਤੇ ਮਜ਼ਲੂਮਾ ਨੂੰ ਸਾਨੂੰ ਆਪਣੀਆਂ ਦੁਆਵਾਂ ਵਿੱਚ ਚੇਤੇ ਰਖੱਣਾ ਚਾਹੀਦਾਹੈ**
**ਰੱਬ ਇਹਨਾਂ ਨੂੰ ਦ੍ਰਿੜ੍ਹਤਾ ਪ੍ਰਦਾਨ ਕਰੇ ।**

**ਅਲੱਾਹ ਤਆਲਾ ਨੇ ਓਮੱਤੇ ਮੁਹਮੱਦੀਆ (ਇਸਲਾਮ) ਦੇ ਸੁਧਾਰ ਲਈ ਆਪਣੇ ਵਾਦੇ ਅਨੁਸਾਰ ਜਿਸ ਨੂੰ ਭੇਜਣਾ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਜਿਸ ਵਾਸਤਵਿਕ ਗ਼ੁਲਾਮ ਦੇ ਆਉਣ ਦੀ ਪੇਸ਼ਗੋਈ ਕੀਤੀ ਸੀ ਉਸ ਦੀ ਭਾਲ ਕਰਨ ।**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 07 ਅਪ੍ਰੈਲ 2017 ਈ. ਨੂੰ ਮਸਜਿਦ ਬੈਤੁਲ ਫ਼ਤੂਹ (ਲੰਦਨ) ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵਿਰੋਧਤਾ ਤਾਂ ਉਸ ਸਮੇਂ ਤੋਂ ਹੋ ਰਹੀ ਹੈ ਜੱਦ ਅਜੇ ਬਕਾਇਦਾ ਜਮਾਤ ਦੀ ਸਥਾਪਨਾ ਵੀ ਨਹੀਂ ਹੋਈ ਸੀ ਅਤੇ ਆਪ ਅਲੈਹਿ ਸਲਾਮ ਨੇ ਬੈਅਤ ਵੀ ਨਹੀਂ ਲਈ ਸੀ । ਮੁਸਲਮਾਨਾ ਨੇ ਵੀ ਅਤੇ ਗੈਰ ਮੁਸਲਮਾਨਾ ਨੇ ਵੀ ਆਪਣਾ ਪੂਰਾ ਜ਼ੋਰ ਆਪ ਦੀ ਵਿਰੋਧਤਾ ਵਿੱਚ ਲਾਇਆ ਅਤੇ ਹੁਣ ਤੱਕ ਲਾ ਰਹੇ ਹਨ । ਅੱਜ ਤਾਂ ਸਭ ਤੋਂ ਮੁਹਰੇ ਮੁਸਲਮਾਨ ਹਨ, ਪਰ ਰੱਬ ਆਪ ਦੀ ਜਮਾਤ ਨੂੰ ਵਧਾਉਂਦਾ ਜਾ ਰਿਹਾ ਹੈ । ਹੁਣ ਰੱਬ ਦੀ ਮਿਹਰ ਨਾਲ ਜਮਾਤ ਦੁਨੀਆ ਦੇ 209 ਦੇਸ਼ਾਂ ਵਿੱਚ ਸਥਾਪਤ ਹੈ । ਵਿਸ਼ੇਸ਼ ਰੂਪ ਵਿੱਚ ਮੁਸਲਮਾਨ ਦੇਸ਼ਾਂ ਵਿੱਚ, ਜਿੱਥੇ ਵੀ ਲੋਕ ਜਮਾਤ ਵੱਲ ਬਹੁਤਾ ਧਿਆਨ ਦਿੰਦੇ ਹਨ ਓਥੇ ਵਿਉਂਤਬੰਦੀ ਨਾਲ ਜਮਾਤ ਦੀ ਵਿਰੋਧਤਾ ਸ਼ੁਰੂ ਹੋ ਜਾਂਦੀ ਹੈ । ਕਈ ਰਾਜਨੀਤਿਕ ਵਿਦਵਾਨ ਤੇ ਉਹਨਾਂ ਦੇ ਪ੍ਰਭਾਵ ਹੇਠ ਸਰਕਾਰੀ ਕਰਿੰਦੇ ਸਗੋਂ ਅਦਾਲਤਾਂ ਦੇ ਜੱਜ ਵੀ ਇਸ ਵਿਰੋਧਤਾ ਦੇ ਭਾਗੀਦਾਰ ਬਣ ਜਾਂਦੇ ਹਨ ।

ਅੱਜ ਕੱਲ ਅਲਜਜ਼ਾਇਰ ਦੇ ਅਹਮਦੀਆਂ ਨੂੰ ਜ਼ੁਲਮ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ । ਜੱਜ ਵੀ ਇਹੋ ਕਹਿੰਦੇ ਹਨ, ਸਰਕਾਰੀ ਕਰਿੰਦੇ ਵੀ ਇਹੋ ਕਹਿੰਦੇ ਹਨ ਕਿ ਜੇਕਰ ਤੁਸੀਂ ਕਹਿ ਦਿਓ ਕਿ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਅਲੈਹਿ ਸਲਾਮ ਦਾ ਮਸੀਹ ਹੋਣ ਦਾ ਦਾਵਾ ਝੂਠਾ ਹੈ ਅਤੇ ਉਹ ਮਸੀਹ ਮੌਊਦ ਨਹੀਂ ਹਨ ਸਗੋਂ

ਨਊਜ਼ਬਿਲੱਹਿ ਇਸਲਾਮ ਵਿਰੋਧੀ ਸ਼ਕਤੀਆਂ ਦੇ ਏਜੰਟ ਹਨ ਅਤੇ ਇਸਲਾਮ ਵਿਰੋਧੀ ਸ਼ਕਤੀਆਂ ਦੀ ਪੁਸ਼ਤ ਪਨਾਹੀ (ਹਿਮਾਇਤ) ਇਹਨਾ ਨੂੰ ਹਾਸਲ ਹੈ ਅਤੇ ਉਹਨਾਂ ਵੱਲੋਂ ਹੀ ਇਹ ਖੜੇ ਕੀਤੇ ਗਏ ਸਨ, ਵਿਸ਼ੇਸ਼ ਰੂਪ ਵਿੱਚ ਅੰਗ੍ਰੇਜ਼ਾਂ ਵੱਲੋਂ । ਤਾਂ ਫਿਰ ਅਸੀਂ ਤੁਹਾਨੂੰ ਛੱਡ ਦਿਆਂਗੇ ਨਹੀਂ ਤਾਂ ਫਿਰ ਜੇਲ ਅਤੇ ਜੁਰਮਾਨੇ ਦੇ ਦੰਡ ਲਈ ਤਿਆਰ ਹੋ ਜਾਓ ਅਤੇ ਫਿਰ ਅਤਿਆਚਾਰੀ ਫ਼ੈਸਲੇ ਕਰਕੇ ਉਹਨਾਂ ਨੂੰ ਜੇਲਾਂ ਵਿੱਚ ਪਾਇਆ ਜਾ ਰਿਹਾ ਹੈ ਅਤੇ ਵੱਡੇ ਵੱਡੇ ਜੁਰਮਾਨੇ ਵੀ ਕੀਤੇ ਜਾ ਰਹੇ ਹਨ । ਇਹ ਨਿਰਦੋਸ਼ਾਂ ਤੇ ਮਜ਼ਲੂਮਾ ਨੂੰ ਸਾਨੂੰ ਆਪਣੀਆਂ ਦੁਆਵਾਂ ਵਿੱਚ ਚੇਤੇ ਰਖੱਣਾ ਚਾਹੀਦਾ ਹੈ, ਅਲੱਾਹ ਤਆਲਾ ਇਹਨਾਂ ਨੂੰ ਮਜ਼ਬੂਤ ਕਦਮ ਪ੍ਰਦਾਨ ਕਰੇ ਅਤੇ ਇਹਨਾਂ ਜ਼ੁਲਮਾ ਤੋਂ ਵੀ ਬਚਾਏ ।

ਇਸੇ ਪ੍ਰਕਾਰ ਪਾਕਿਸਤਾਨ ਦੇ ਅਹਮਦੀਆਂ ਨੂੰ ਵੀ ਆਪਣੀਆਂ ਦੁਆਵਾਂ ਵਿੱਚ ਚੇਤੇ ਰੱਖੋ ਓਥੇ ਵੀ ਪੰਜਾਬ ਵਿੱਚ ਵਿਸ਼ੇਸ਼ ਰੂਪ ਵਿੱਚ ਬਕਾਇਦਾ ਵਿਉਂਤਬੰਦੀ ਨਾਲ ਜ਼ੁਲਮ ਕੀਤੇ ਜਾ ਰਹੇ ਹਨ । ਮੁਸਲਮਾਨ ਦੇਸ਼ਾ ਵਿੱਚ ਜੋ ਫ਼ਸਾਦਾਂ ਦੀ ਹਾਲਤ ਹੈ ਅਤੇ ਇਕ ਦੇਸ਼ ਦੇ ਦੂਜੇ ਦੇਸ਼ ਨਾਲ ਸੰਬੰਧ ਬਾਰੇ ਜੋ ਹਾਲਾਤ ਹਨ ਅਕਲ ਰਖੱਣ ਵਾਲਿਆਂ ਲਈ ਇਹ ਹਾਲਾਤ ਹੀ ਇਹ ਗੱਲ ਸੋਚਣ ਲਈ ਬਹੁਤ ਹਨ ਅਤੇ ਹੋਣੇ ਚਾਹੀਦੇ ਹਨ ਕਿ ਇਹਨਾਂ ਹਾਲਾਤਾਂ ਵਿੱਚ ਰੱਬ ਨੇ ਉਮੱਤੇ ਮੁਹਮੱਦੀਆ (ਇਸਲਾਮ) ਦੇ ਸੁਧਾਰ ਲਈ ਆਪਣੇ ਵਾਦੇ ਅਨੁਸਾਰ ਜਿਸ ਨੂੰ ਭੇਜਣਾ ਸੀ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਆਲੈਹਿ ਵਸਲਮ ਨੇ ਜਿਸ ਵਾਸਤਵਿਕ ਗ਼ੁਲਾਮ ਦੇ ਆਉਣ ਦੀ ਪੇਸ਼ਗੋਈ (ਭਵਿੱਖਬਾਣੀ) ਕੀਤੀ ਸੀ ਉਸ ਦੀ ਭਾਲ ਕਰਨ । ਜੱਦ ਕਿ ਰੱਬ ਅਤੇ ਉਸ ਦੇ ਰਸੂਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੀਆਂ ਦੱਸੀਆਂ ਹੋਈਆਂ ਨਿਸ਼ਾਨੀਆਂ ਵੀ ਪੂਰੀਆਂ ਹੋ ਚੁੱਕੀਆਂ ਹਨ ਅਤੇ ਹੋ ਰਹੀਆਂ ਹਨ ਜੋ ਮਸੀਹ ਮੌਊਦ ਦੇ ਆਉਣ ਨਾਲ ਸਲੰਗਤ ਹਨ ਅਤੇ ਇਹੋ ਇਕ ਮਾਰਗ ਹੈ ਜੋ ਮੁਸਲਮਾਨਾ ਨੇ ਸਨਮਾਨ ਨੂੰ ਦੁਬਾਰਾ ਕਾਇਮ ਕਰ ਸਕਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ, 'ਮੈਂ ਰੱਬ ਦੇ ਵਾਦੇ ਅਨੁਸਾਰ ਮਸੀਹ ਮੌਊਦ ਬਣਕੇ ਆਇਆ ਹਾਂ, ਚਾਹੇ ਤਾਂ ਪਰਵਾਨ ਕਰੋ ਚਾਹੇ ਤਾਂ ਰੱਦ ਕਰੋ, ਪਰ ਤੁਹਾਡੇ ਰੱਦ ਕਰਨ ਨਾਲ ਕੁਝ ਨਹੀਂ ਹੋਵੇਗਾ । ਰੱਬ ਨੇ ਜੋ ਨਿਸ਼ਚਾ ਕੀਤਾ ਹੈ ਉਹ ਹੋਕੇ ਰਹੇਗਾ । ਜੋ ਮੇਰੀ ਵਿਰੋਧਤਾ ਕਰਨ ਵਾਲੇ ਹਨ, ਉਹ ਮੇਰੀ ਨਹੀਂ ਰੱਬ ਦੀ ਵਿਰੋਧਤਾ ਕਰਦੇ ਹਨ ।'

ਹਜਜ਼ੂਰ ਅਨਵਰ ਨੇ ਫ਼ਰਮਾਇਆ : ਸੋ, ਜਮਾਤ ਦੇ ਵਿਰੁਧ ਜੋ ਵਿਰੋਧਤਾਵਾਂ ਹੋ ਰਹੀਆਂ ਹਨ, ਇਹ ਵਿਰੋਧਤਾਵਾਂ ਨ ਪਹਿਲਾਂ ਕੁਝ ਵਿਗਾੜ ਸਕੀਆਂ ਅਤੇ ਨ ਹੀ ਭਵਿੱਖ ਵਿੱਚ ਕੁਝ ਵਿਗਾੜ ਸਕਣਗੀਆਂ । ਰੱਬ ਦੀ ਸਹਾਇਤਾ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਨਾਲ ਹਮੇਸ਼ਾ ਰਹੀ ਹੈ ਅਤੇ ਹਮੇਸ਼ਾ ਅਸੀਂ ਇਹੋ ਦੇਖਿਆ ਹੈ ਕਿ ਦੁਸ਼ਮਣ ਅਸ਼ਫ਼ਲ ਤੇ ਹੀਣਾ ਹੋਇਆ ਹੈ ਅਤੇ ਹੋ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਇੰਸ਼ਾਅਲੱਾਹ ਹੁੰਦਾ ਰਹੇਗਾ ।

ਹਜ਼ੂਰ ਅਨਵਰ ਨੇ ਫ਼ਰਮਾਇਆ ਜਿੱਥੇ ਵਿਰੋਧਤਾ ਹੁੰਦੀ ਹੈ ਓਥੇ ਪ੍ਰਚਾਰ ਦੇ ਮਾਰਗ ਵੀ ਖੁਲੱਦੇ ਹਨ । ਫ਼ਰਮਾਇਆ : ਅਲਜਜ਼ਾਇਰ ਦੀ ਜਮਾਤ ਕੋਈ ਬਹੁਤੀ ਪੁਰਾਣੀ ਜਮਾਤ ਨਹੀਂ ਪਰ ਰੱਬ ਉਹਨਾਂ ਨੂੰ ਇਸ ਵਿਰੋਧਤਾ ਰਾਹੀਂ ਜਿੱਥੇ ਇਮਾਨ ਵਿੱਚ ਪੱਕਿਆਈ ਦੇ ਰਿਹਾ ਹੈ ਓਥੇ ਉਹਨਾਂ ਲਈ ਪ੍ਰਚਾਰ ਦੇ ਮਾਰਗ ਵੀ ਖੋਲ ਰਿਹਾ ਹੈ । ਓਥੋਂ ਦੇ ਅਹਮਦੀ ਲਿਖੱਦੇ ਹਨ ਕਿ ਅਸੀਂ ਪ੍ਰੇਸ਼ਾਨ ਸੀ ਕਿ ਦੇਸ਼ ਵਿੱਚ ਪ੍ਰਚਾਰ ਕਿਵੇਂ ਹੋਵੇਗਾ ਤਾਂ ਰੱਬ ਨੇ ਇਸ ਵਿਰੋਧਤਾ ਰਾਹੀਂ ਆਪ ਹੀ ਪ੍ਰਚਾਰ ਦਾ ਸਾਧਨ ਕਰ ਦਿੱਤਾ ਹੈ । ਅਲਜਜ਼ਾਇਰ ਦੇ ਅਹਮਦੀ ਕਹਿੰਦੇ ਹਨ ਕਿ ਜੇਕਰ ਕਈ ਲੋਕ ਵਿਪਰੀਤ ਪ੍ਰਭਾਵ ਲੈ ਰਹੇ ਹਨ ਤਾਂ ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜੋ ਜਮਾਤ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਨਾਲ ਪਰੀਚਿਤ ਹੋ ਰਹੇ ਹਨ ਅਤੇ ਸਮਝਦੇ ਹਨ ਕਿ ਜਮਾਤ ਦੇ ਵਿਰੁਧ ਜੋ ਹੋ ਰਿਹਾ ਹੈ ਉਹ ਗ਼ਲਤ ਹੋ ਰਿਹਾ ਹੈ । ਹਜ਼ੂਰ ਨੇ ਫ਼ਰਮਾਇਆ ਕਿ ਮਸੀਹ ਮੌਊਦ ਅਲੈਹਿ ਸਲਾਮ ਦੇ ਆਉਣ ਦਾ ਇਹੋ ਸਮਾਂ ਸੀ ਅਤੇ ਰੱਬੀ ਤਕਦੀਰ ਅਨੁਸਾਰ ਹੀ ਆਪ ਆਏ ਤਾਂ ਜੋ ਇਸਲਾਮ ਦੀ ਡੋਲਦੀ ਹੋਈ ਕਸ਼ਤੀ ਨੂੰ ਸਾਂਭਣ ਵਾਲਾ ਮਿਲੇ । ਮੁਸਲਮਾਨਾ ਦੇ

ਆਪਣੇ ਵਿਚਾਰ ਅਖ਼ਬਾਰਾਂ ਵਿੱਚ ਵੀ ਛਪੱਦੇ ਹਨ ਆਪਣੇ ਭਾਸ਼ਣਾ ਵਿੱਚ ਵੀ ਵਰਨਣ ਕਰਦੇ ਹਨ ਅਤੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਮੁਸਲਿਮ ਉਮੱਤ ਨੂੰ ਸੰਭਾਲਣ ਲਈ ਕੋਈ ਆਉਂਣਾ ਚਾਹੀਦਾ ਹੈ ਪਰ ਇਹ ਵੀ ਨਾਲ ਕਹਿ ਦਿੰਦੇ ਹਨ ਕਿ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਤੋਂ ਬਿਨਾ ਹੋਰ ਕੋਈ ਹੋਵੇ ।

ਹਾਂ, ਰੱਬ ਵੱਲੋਂ ਹੋਣ ਦਾ ਜੋ ਦਾਵਾ ਕਰ ਰਿਹਾ ਹੈ ਉਸ ਨੂੰ ਇਹ ਲੋਕ ਮੰਨ੍ਹਦੇ ਨਹੀਂ ਸਗੋਂ ਇਨਕਾਰ ਕਰ ਰਹੇ ਹਨ ਅਤੇ ਦੁਸ਼ਮਣੀ ਕਰ ਰਹੇ ਹਨ । ਲਖੱਾਂ ਹੀ ਲੋਕ ਹਰ ਸਾਲ ਇਸ ਵਿਰੋਧਤਾ ਦੇ ਹੁੰਦਿਆਂ ਹੋਇਆਂ ਵੀ ਜਮਾਤ ਅਹਦੀਆ ਵਿੱਚ ਦਾਖ਼ਲ ਹੁੰਦੇ ਹਨ, ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਰੱਬ ਦੀ ਮਦਦ ਤੇ ਸਹਾਇਤਾ ਜਮਾਤ ਅਹਮਦੀਆ ਨਾਲ ਹੈ, ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨਾਲ ਹੈ । ਬਹੁਤੇ ਅਜਿਹੇ ਹਨ ਜੋ ਆਪਣੀਆਂ ਘਟਨਾਵਾਂ ਲਿਖੱਦੇ ਹਨ ਕਿ ਕਿਵੇਂ ਅਹਮਦੀ ਹੋਏ ਅਤੇ ਉਹਨਾਂ ਦੀਆਂ ਘਟਨਾਵਾਂ ਪੜ੍ਹਕੇ ਹੈਰਾਨੀ ਹੁੰਦੀ ਹੈ ਕਿ ਕਿਵੇਂ ਨੇਕ ਸੁਭਾਵ ਰਖੱਣ ਵਾਲੇ ਲੋਕਾਂ ਨੂੰ ਰੱਬ ਅਹਮਦੀਅਤ ਕੁਬੂਲ ਕਰਨ ਦਾ ਸੁਅਵਸਰ ਪ੍ਰਦਾਨ ਕਰ ਰਿਹਾ ਹੈ । ਕੁਝ ਘਟਨਾਵਾਂ ਮੈਂ ਪ੍ਰਸਤੁਤ ਕਰਦਾ ਹਾਂ ।

ਇਹ ਪਹਿਲੀ ਘਟਨਾ ਜੋ ਮੈਂ ਪੇਸ਼ ਕਰਾਂਗਾ ਇਹ ਅਲਜਜ਼ਾਇਰ ਦੀ ਹੀ ਹੈ ਜਿੱਥੇ ਇਸ ਸਮੇਂ ਵਿਰੋਧਤਾ ਸ਼ਿਖ਼ਰਾਂ'ਤੇ ਹੈ । ਲਿਖੱਣ ਵਾਲੇ ਕਹਿੰਦੇ ਹਨ ਕਿ ਅਹਮਦੀਅਤ ਦੇ ਪਰੀਚੈ ਤੋਂ ਬਹੁਤ ਪਹਿਲਾਂ ਮੈਂ ਇਕ ਰਾਤ ਸੁਪਨੇ ਵਿੱਚ ਦੇਖਿਆ ਕਿ ਇਕ ਉੱਚੀ ਛੱਤ ਵਾਲੇ ਵੱਡੇ ਤੇ ਵਿਸ਼ਾਲ ਹਾਲ ਵਿੱਚ ਬਹੁਤ ਸਾਰੇ ਲੋਕਾਂ ਨਾਲ ਇਕ ਲਾਈਨ (ਪੰਕਤੀ) ਵਿੱਚ ਹਾਂ ਜਿਸਦੇ ਇਕ ਸਿਰੇ ਤੇ ਦੋ ਵਿਅਕਤੀ ਖੜੇ ਹਨ । ਸਾਡੀ ਲਾਈਨ ਵਿੱਚੋਂ ਹਰ ਕੋਈ ਆਪਣੀ ਵਾਰੀ ਅਨੁਸਾਰ ਉਹਨਾਂ ਦੋਹਾਂ ਵਿਕਅਤੀਆਂ ਵਿੱਚੋਂ ਸੱਜੇ ਪਾਸੇ ਖੜੇ ਵਿਅਕਤੀ ਨਾਲ ਨਾਲ ਬਹੁਤ ਗਰਮਜੋਸ਼ੀ (ਉਤਸੁਕਤਾ) ਨਾਲ ਮੁਸਾਫ਼ਾ (ਹੱਥ ਮਿਲਾਉਂਣਾ) ਕਰਕੇ ਹਾਲ ਦੇ ਬੂਹੇ ਵੱਲ ਚਲਿਆ ਜਾਂਦਾ ਹੈ । ਭਾਵ ਇਹ ਲੰਮੀ ਲਾਈਨ ਇਹਨਾਂ ਦੋਹਾਂ ਵਿਅਕਤੀਆਂ ਵਿੱਚੋਂ ਇਕ ਨਾਲ ਮੁਸਾਫ਼ਾ ਕਰਨ ਲਈ ਵਿਸ਼ੇਸ਼ ਰੂਪ ਵਿੱਚ ਬਣਾਈ ਗਈ ਹੈ । ਕਹਿੰਦੇ ਹਨ, ਮੈਂ ਦੂਰੋਂ ਇਹ ਦ੍ਰਿਸ਼ ਦੇਖਕੇ ਕਹਿੰਦਾ ਹਾਂ ਕਿ ਲੋਕ ਦੋਹਾਂ ਦੀ ਥਾਂ ਕੇਵਲ ਇਕ ਵਿਅਕਤੀ ਨਾਲ ਮੁਸਾਫ਼ਾ ਕਿਉਂ ਕਰਦੇ ਹਨ ਉਹ ਵੀ ਐਨ੍ਹੀ ਗਰਮਜੋਸ਼ੀ ਨਾਲ ? ਦੋਹਾਂ ਨਾਲ ਕਿਉਂ ਨਹੀਂ ਕਰਦੇ । ਨੇੜੇ ਪਹੁੰਚਣ'ਤੇ ਮੈਂ ਦੇਖਦਾ ਹਾਂ ਕਿ ਇਹਨਾਂ ਵਿੱਚੋਂ ਇਕ ਵਿਅਕਤੀ ਚਿੱਟੀ ਦਾੜ੍ਹੀ ਵਾਲਾ ਹੈ ਜੱਦ ਕਿ ਉਸ ਦੇ ਸੱਜੇ ਹੱਥ ਵਾਲਾ ਇਕ ਦਰਮਿਆਨੇ ਕੱਦ ਤੇ ਕਣਕਭਿੰਨੇ ਰੰਗ ਦਾ ਵਿਅਕਤੀ ਹੈ ਜਿਸਦੇ ਸਿਰ ਤੇ ਦਾੜ੍ਹੀ ਦੇ ਵਾਲ ਕਾਲੇ ਹਨ । ਕਹਿੰਦੇ ਹਨ ਜੱਦ ਮੇਰੀ ਵਾਰੀ ਆਈ ਤਾਂ ਮੈਂ ਸੁਫ਼ੈਦ ਦਾੜ੍ਹੀ ਵਾਲੇ ਵਿਅਕਤੀ ਵੱਲ ਹੱਥ ਵਧਾਇਆ ਤਾਂ ਉਸ ਨੇ ਮੈਂਨੂੰ ਕਾਲੀ ਦਾੜ੍ਹੀ ਤੇ ਕਣਕਭਿੰਨੇ ਰੰਗ ਦੇ ਵਿਅਕਤੀ ਵੱਲ ਸੰਕੇਤ ਕੀਤਾ ਕਿ ਇਹਨਾਂ ਨਾਲ ਸਲਾਮ ਕਰੋ ਤਾਂ ਮੈਂ ਬਹੁਤ ਗਰਮਜੋਸ਼ੀ (ਉਤਸੁਕਤਾ) ਨਾਲ ਉਹਨਾਂ ਨਾਲ ਮੁਸਾਫ਼ਾ (ਹੱਥ ਮਿਲਾਇਆ) ਕੀਤਾ । ਕਹਿੰਦੇ ਹਨ ਨਾਲ ਹੀ ਮੇਰਾ ਮਨ ਉਸ ਵਿਅਕਤੀ ਦੇ ਪ੍ਰੇਮ ਵਿੱਚ ਡੁੱਬ ਗਿਆ, ਉਹ ਮੈਂਨੂੰ ਦੇਖਕੇ ਮੁਸਕਰਾਇਆ । ਉਸ ਦੀ ਮੁਸਕਰਾਹਟ ਵਿੱਚ ਅਜਿਹਾ ਜਾਦੂ ਸੀ ਕਿ ਮੈਂ ਅੱਜ ਤੱਕ ਉਸ ਮੁਸਕਰਾਹਟ ਨੂੰ ਨਹੀਂ ਭੁਲਾ ਸਕਿਆ । ਫਿਰ ਕਹਿੰਦੇ ਹਨ ਜੱਦ ਅਹਮਦੀਅਤ ਦਾ ਪਰੀਚੈ ਹੋਇਆ ਅਤੇ ਮੈਂ ਐਮ.ਟੀ.ਏ. ਦੇਖਣਾ ਸ਼ੁਰੂ ਕੀਤਾ ਤਾਂ ਇਹਨਾਂ ਅਰੰਭਕ ਦਿਨਾਂ ਵਿੱਚ ਇਕ ਦਿਨ ਹਜਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਫੋਟੋ ਦਿਖਾਈ ਗਈ, ਫਿਰ ਕੁਝ ਦੇਰ ਬਾਦ ਮੇਰੀ ਫੋਟੋ ਸਾਹਮਣੇ ਆਈ ਤਾਂ ਕਹਿੰਦੇ ਹਨ ਦੋਹਾਂ ਨੂੰ ਦੇਖਕੇ ਮੈਂਨੂੰ ਆਪਣਾ ਸੁਪਨਾ ਚੇਤੇ ਆ ਗਿਆ । ਸੁਪਨੇ ਵਿੱਚ ਦਿਖਾਇਆ ਜਾਣ ਵਾਲਾ ਸੁਫ਼ੈਦ ਦਾੜ੍ਹੀ ਵਾਲਾ ਵਿਅਕਤੀ ਜੋ ਸੀ ਉਹ ਮੈਂ ਸੀ (ਅਰਥਾਤ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ) ਜੱਦ ਕਿ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਕਾਲੀ ਦਾੜ੍ਹੀ ਵਾਲੇ ਸਨ ਜਿੰਨ੍ਹਾ ਨੂੰ ਸਾਰੇ ਲੋਕ ਮਿਲ ਰਹੇ ਸਨ ਅਤੇ ਮੈਂ ਵੀ ਸੰਕੇਤ ਕਰ ਰਿਹਾ ਸੀ ਕਿ ਇਹਨਾਂ ਨੂੰ ਮਿਲੋ । ਕਹਿੰਦੇ ਹਨ ਇਸ ਦੇ ਬਾਦ

ਅਹਮਦੀਆਂ ਨਾਲ ਇੰਟਰਨੈਟ ਉਪੱਰ ਰਾਬਤਾ ਕੀਤਾ, ਵੱਖ ਵੱਖ ਪ੍ਰਸ਼ਨ ਕੀਤੇ, ਜਿੰਨ੍ਹਾ ਦੇ ਉਤੱਰ ਮਿਲਣ ਦੇ ਬਾਦ ਮੈਂ ਬੈਅਤ ਕਰ ਲਈ ।

ਫਿਰ ਇਕ ਸਾਹਬ ਜਿੰਨ੍ਹਾ ਦੀ ਘਟਨਾ ਨੂੰ ਦੇਖਕੇ ਲਗੱਦਾ ਹੈ ਕਿ ਕਿ ਰੱਬ ਘੇਰਕੇ ਉਹਨਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਬੈਅਤ ਵਿੱਚ ਸ਼ਾਮਲ ਕਰਨਾ ਚਾਹੁੰਦਾ ਸੀ, ਕੋਈ ਨੇਕ ਗੱਲ ਰੱਬ ਨੂੰ ਉਹਨਾਂ ਦੀ ਪਸੰਦ ਆਈ । ਇਹ ਮਿਸਰ ਦੇ ਹਨ ਅਬਦੁਲ ਹਾਦੀ ਨਾਂ ਹੈ ਇਹਨਾਂ ਦਾ । ਇਹ ਕਹਿੰਦੇ ਹਨ ਕਿ ਅਹਮਦੀਅਤ ਦਾ ਪਰੀਚੇ ਐਮ.ਟੀ.ਏ. ਅਲਅਰੇਬੀਅਹ ਰਾਹੀਂ ਹੋਇਆ । ਜੋ ਪ੍ਰੋਗਰਾਮ ਸੀ ਬਹੁਤ ਚੰਗਾ ਸੀ ਪਰ ਕਹਿੰਦੇ ਹਨ ਕਿ ਇਮਾਮ ਬਾਨੀ ਜਮਾਤ ਅਹਮਦੀਆ ਦੀ ਨਬੁਵੱਤ ਅਤੇ ਸਾਹਿਬੇ ਵਹੀ ਅਤੇ ਇਲਹਾਮ ਹੋਣਾ ਸਮਝ ਨਹੀਂ ਆਉਂਦਾ ਸੀ । ਕਹਿੰਦੇ ਹਨ ਕਿ ਮੈਂ ਵਾਰ ਵਾਰ ਪ੍ਰੋਗਰਾਮ ‘ਅਲਹਵਾਰੁਲ ਮੁਬਾਸ਼ਿਰ’ ਵਿੱਚ ਫ਼ੋਨ ਕਰਨ ਦਾ ਜਤਨ ਕੀਤਾ, ਪਰ ਹਰ ਵਾਰ ਅਸਫ਼ਲਤਾ ਦਾ ਮੂੰਹ ਦੇਖਣਾ ਪਿਆ । ਰਾਬਤਾ ਨਹੀਂ ਹੁੰਦਾ ਸੀ ਅਤੇ ਉਦੇਸ਼ ਕੇਵਲ ਇਕ ਪ੍ਰਸ਼ਨ ਦੇ ਉਤੱਰ ਲੈਣ ਦਾ ਸੀ ਕਿ ਕੀ ਜਮਾਤ ਅਹਮਦੀਆ ਦੇ ਬਾਨੀ ਹੋਰਨਾ ਨਬੀਆਂ ਵਾਂਗ ਨਾਮੇ ਜਾਂਦੇ ਹਨ ਅਤੇ ਕੀ ਸਾਹਿਬੇ ਇਲਹਾਮ ਤੇ ਵਹੀ ਹਨ ? ਕਹਿੰਦੇ ਹਨ ਜੇਕਰ ਮੈਂਨੂੰ ਇਸ ਦਾ ਉਤੱਰ ਹਾਂ ਵਿੱਚ ਦਿਤੱਾ ਜਾਂਦਾ ਤਾਂ ਮੈਂ ਉਸੇ ਦਿਨ ਇਸ ਚੈਨਲ ਨੂੰ ਆਪਣੀ ਲਿਸਟ ਵਿੱਚੋਂ ਕੱਢ ਦਿੰਦਾ ਕਿਉਂਕਿ ਇਸ ਸਮੇਂ ਮੇਰਾ ਅਕੀਦਾ (ਆਸਥਾ) ਇਹੋ ਸੀ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਬਾਦ ਵਹੀ ਬੰਦ ਹੈ ਅਤੇ ਉਸ ਦਾ ਦਾਵੇਦਾਰ ਝੂਠਾ ਹੈ ਪਰ ਰੱਬ ਦੀ ਵਿਸ਼ੇਸ਼ ਕੁਦਰਤ ਨਾਲ ਅਜਿਹਾ ਹੋਇਆ ਕਿ ਮੈਂ ਕਦੇ ਵੀ ਇਸ ਪ੍ਰੋਗਰਾਮ ਵਿੱਚ ਕਾਲ ਕਰਨ ਵਿੱਚ ਸਫ਼ਲ ਨਹੀਂ ਹੋ ਸਕਿਆ, ਜਿਸ ਦਾ ਸਿਟੱਾ ਇਹ ਹੋਇਆ ਕਿ ਮੈਂ ਐਮ.ਟੀ.ਏ. ਦੇਖਦਾ ਰਿਹਾ ਅਤੇ ਹੌਲੀ ਹੌਲੀ ਸਾਰੇ ਕਾਰਜਾਂ ਨਾਲ ਖ਼ਤਮੇ ਨਬੁਵੱਤ ਦਾ ਮਸਲਾ ਵੀ ਸਮਝ ਵਿੱਚ ਆ ਗਿਆ । ਇੱਥੋਂ ਤੱਕ ਕਿ ਮੇਰੇ ਸਾਹਮਣੇ ਇਮਾਮੁਜ਼ੱਮਾਂ ਮਸੀਹ ਮੌਊਦ ਅਤੇ ਇਮਾਮ ਮਹਦੀ ਦੀ ਬੈਅਤ ਤੋਂ ਬਿਨਾਂ ਕੋਈ ਹੋਰ ਮਾਰਗ ਹੀ ਨਹੀਂ ਬਚਿਆ । ਸੋ, ਮੈਂ ਬੈਅਤ ਫ਼ਾਰਮ ਭਰਕੇ ਭੇਜ ਦਿੱਤਾ । ਬੈਅਤ ਦੇ ਬਾਦ ਮੈਂ ਚਾਹੁੰਦਾ ਸੀ ਕਿ ਇਹ ਖ਼ਬਰ ਦੂਜਿਆਂ ਤੱਕ ਵੀ ਪਹੁੰਚੇ । ਸੋ, ਇਸ ਲਈ ਮੈਂ ਆਪਣੇ ਇਕ ਨੇੜਲੇ ਮਿੱਤਰ ਦੀ ਚੋਣ ਕੀਤੀ ਜਿਸੇ ਬਾਰੇ ਮੈਂਨੂੰ ਬਹੁਤ ਸੰਭਾਵਨਾ ਸੀ ਕਿ ਉਹ ਮੇਰੀ ਗੱਲ ਸੁਣੇਗਾ । ਮੈਂ ਉਸ ਨੂੰ ਅਮਹਦੀਅਤ ਦਾ ਸੰਦੇਸ਼ ਪਹੁੰਚਾਇਆ ਤਾਂ ਉਹ ਆਸ਼ਾ ਦੇ ਵਿਰੁਧ ਅਚਨਚੇਤ ਅਤਿਅੰਤ ਗੁੱਸੇ ਵਿੱਚ ਆਣਕੇ ਮਸੀਹ ਮੌਊਦ ਅਲੈਹਿ ਸਲਾਮ ਦੀ ਸ਼ਾਨ ਵਿੱਚ ਗੁਸਤਾਖ਼ੀ ਕਰਨ ਲੱਗ ਗਿਆ । ਕਹਿੰਦੇ ਹਨ ਮੈਂ ਮਜਬੂਰੀ ਕਰਕੇ ਅਤਿਅੰਤ ਦੁਖੀ ਦਿਲ ਨਾਲ ਉਸਨੂੰ ਛਡੱਕੇ ਬੇਚੈਨ ਆਤਮਾ ਨਾਲ ਆਪਣੇ ਘਰ ਪਰਤ ਆਇਆ ਅਤੇ ਆਦਤ ਅਨੁਸਾਰ ਐਮ.ਟੀ.ਏ. ਆਨ ਕੀਤਾ ਤਾਂ ਉਸ ਸਮੇਂ ਐਮ.ਟੀ.ਏ. ਉਪੱਰ ਸੂਰਤ ਆਲਿ ਇਮਰਾਨ ਦੀ ਇਹ ਆਇਤ ਪੜ੍ਹੀ ਜਾ ਰਹੀ ਸੀ । (فَإِنْ كَذَّبُوكَ فَقَدْ كُذِّبَ رُسُلٌ مِّنْ قَبْلِكَ جَآءُو بِالْبَيِّنٰتِ وَالزُّبُرِ وَالْكِتٰبِ الْمُنِيْرِ) ਫ਼ ਇਨ ਕਜ਼ੱਾਬੂਕਾ ਫ਼ਕਦ ਕੁੱਜ਼ਿਬਾ ਰੁਸੁਲੁੰਮ ਮਿਨ ਕਬਲਿਕਾ ਜਾਊ ਬਿਲ ਬੱਯਿਨਾਤਿ ਵਜ਼ੁੱਬੁਰਿ ਵਲ ਕਿਤਾਬਿਲ ਮੁਨੀਰ’ ਕਿ : ਸੋ, ਜੇਕਰ ਉਹਨਾਂ ਨੇ ਤੈਨੂੰ ਝੁਠਲਾ ਦਿਤੱਾ ਹੈ ਤਾਂ ਤੇਥੋਂ ਪਹਿਲਾਂ ਵੀ ਰਸੂਲ ਝੁਠਲਾਏ ਗਏ ਸਨ । ਉਹ ਪ੍ਰਤਖ ਨਿਸ਼ਾਨ ਅਤੇ ਇਲਾਹੀ ਸਹੀਫ਼ੇ (ਗ੍ਰੰਥ) ਅਤੇ ਰੌਸ਼ਨ ਕਿਤਾਬਾਂ ਲਿਆਏ ਸਨ । ਕਹਿੰਦੇ ਹਨ, ਇਹ ਆਇਤ ਮੇਰੇ ਦਿਲ ਦੀ ਅਵਸਥਾ ਲਈ ਦੁਰੂਦ ਤੇ ਸਲਾਮਤੀ ਬਣ ਗਈ ਅਤੇ ਮੈਂਨੂੰ ਵਿਸ਼ਵਾਸ ਹੋ ਗਿਆ ਕਿ ਇਹ ਕੋਈ ਇਤਫ਼ਾਕਨ ਨਹੀਂ ਸਗੋਂ ਰੱਬ ਵੱਲੋਂ ਮੇਰੇ ਲਈ ਸੰਦੇਸ਼ ਹੈ ਕਿ ਰਸੂਲਾਂ ਨੂੰ ਝੁਠਲਾਉਣਾ ਅਤੇ ਉਹਨਾਂ ਨਾਲ ਠਠੱਾ ਕਰਨਾ ਤਾਂ ਹੁੰਦਾ ਆਇਆ ਹੈ ਫਿਰ ਜੇਕਰ ਹਜ਼ਰਤ ਮਸੀਹ ਮੌਊਦ ਅਲੈਹਿਸਲਮ ਨਾਲ ਅਜਿਹਾ ਹੋਇਆ ਤਾਂ ਇਹ ਕੋਈ ਨਵੀਂ ਗੱਲ ਨਹੀਂ ।

ਫਿਰ ਇਕ ਇਸਤਰੀ ਦੀ ਘਟਨਾ ਹੈ ਜਿੰਨ੍ਹਾ ਨੂੰ ਰੱਬ ਉਹਨਾਂ ਦੇ ਨੇਕ ਸੁਭਾਵ ਕਰਕੇ ਬੈਅਤ ਦਾ ਸੰਜੋਗ ਪ੍ਰਦਾਨ ਕੀਤਾ । ਅਫ਼ਰੀਕਾ ਦੀ ਰਹਿਣ ਵਾਲੀ ਹਨ, ਜੋ ਗਿੰਨੀ ਦੇ ਇਕ ਵੱਡੇ ਸ਼ਹਿਰ ਬੂਕੇ ਦੇ ਨੇੜੇ ਪਿੰਡ ਵਿੱਚ ਰਹਿੰਦੀ ਹਨ ਕਹਿੰਦੀ ਹਨ ਕਿ ਇਕ ਦਿਨ ਉਹਨਾਂ ਕੋਲ ਜਮਾਤ ਅਹਮਦੀਆ ਦਾ ਮੁਅਲੱਮ ਆਇਆ ਅਤੇ ਜਮਾਤ ਦਾ ਪ੍ਰਚਾਰ ਕੀਤਾ ਅਤੇ ਜਲਸਾ ਸਾਲਾਨਾ ਵਿੱਚ ਭਾਗ ਲੈਣ ਦਾ ਸਦੱਾ ਦਿਤੱਾ । ਸੰਦੇਸ਼ ਤਾਂ ਵੇਖਣ ਨੂੰ ਚੰਗਾ ਸੀ, ਪਹਿਲਾਂ ਮੈਂ ਜਲਸੇ ਵਿੱਚ ਭਾਗ ਲੈਂਣ ਲਈ ਤਿਆਰ ਹੋਈ ਪਰ ਇਸਲਾਮੀ ਤੰਜ਼ੀਮਾ ਅਤੇ ਦਹਿਸ਼ਤ ਦੀਆਂ ਘਟਨਾਵਾਂ ਕਰਕੇ ਮੈਂ ਸੋਚਿਆ ਕਿ ਕਿਤੇ ਜਮਾਤ ਵੀ ਅਜਿਹੀ ਨ ਹੋਵੇ । ਇਸ ਲਈ ਜਲਸੇ ਵਿੱਚ ਜਾਣ ਦਾ ਨਿਸ਼ਚਾ ਤਿਆਗ ਦਿਤੱਾ, ਪਰ ਮਨ ਵਿੱਚ ਦੁਆ ਕਰਨ ਲੱਗੀ ਕਿ ਹੇ, ਖ਼ੁਦਾ ਜੇਕਰ ਇਹ ਲੋਕ ਸੱਚੇ ਹਨ ਤਾਂ ਇਹ ਸਾਡੇ ਪਿੰਡ ਵਿੱਚ ਦੁਬਾਰਾ ਪ੍ਰਚਾਰ ਲਈ ਆਉਣ । ਰੱਬ ਦੀ ਕਰਨੀ ਅਜਿਹੀ ਹੋਈ ਕਿ ਕੁਝ ਸਮੇਂ ਬਾਦ ਹੀ ਇਕ ਪ੍ਰਚਾਰਕ ਟੀਮ ਉਹਨਾਂ ਦੇ ਪਿੰਡ ਆਣ ਪਹੁੰਚੀ । ਜੱਦ ਇਸ ਇਸਤਰੀ ਨੇ ਸਾਨੂੰ ਦੇਖਿਆ ਤਾਂ ਖ਼ੁਸ਼ੀ ਨਾਲ ਉਹਨਾਂ ਦੇ ਹੰਝੂ ਨਿਕਲ ਆਏ ਅਤੇ ਕਹਿਣ ਲੱਗੀ ਕਿ ਰੱਬ ਨੇ ਮੇਰੀ ਦੁਆ ਸੁਣ ਲਈ ਹੈ ਇਸ ਪ੍ਰਕਾਰ ਸਾਰੇ ਪਰਿਵਾਰ ਸਮੇਤ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋ ਗਈ ।

ਗੈਮਬੀਆ ਦੇ ਅਮੀਰ ਸਾਹਬ ਕਹਿੰਦੇ ਹਨ ਕਿ ਨਯਾਬੀਨੀ ਡਿਸਟ੍ਰਿਕਟ ਦੇ ਇਕ ਪਿੰਡ ਵਿੱਚ ਇਕ ਇਸਤਰੀ ਸੰਤਾਹ ਸਾਹਿਬਾ ਜਮਾਤ ਦੀ ਸਖ਼ਤ ਵਿਰੋਧੀ ਸਨ । ਇਹ ਖੇਤੀਬਾੜੀ ਕਰਦੀ ਸਨ ਪਰ ਬੀਤੇ ਦੋ ਸਾਲ ਤੋਂ ਉਹਨਾਂ ਦੀ ਫ਼ਸਲ ਖ਼ਰਾਬ ਹੋ ਰਹੀ ਸੀ । ਕਹਿੰਦੇ ਹਨ, ਸਾਡੀ ਇਕ ਅਹਮਦੀ ਭੈਣ ਨੇ ਉਹਨਾਂ ਨੂੰ ਕਿਹਾ ਕਿ ਦੇਖੋ ਜੱਦ ਤੋਂ ਤੁਸੀਂ ਸਾਡੀ ਜਮਾਤ ਦੀ ਵਿਰੋਧਤਾ ਕਰ ਰਹੀ ਹੋ ਉਸ ਸਮੇਂ ਤੋਂ ਤੁਹਾਡੀ ਫ਼ਸਲ ਨਹੀਂ ਹੋ ਰਹੀ । ਇਸ ਲਈ ਤੁਸੀਂ ਜਮਾਤ ਦੀ ਵਿਰੋਧਤਾ ਛਡੱਕੇ ਜਮਾਤ ਵਿੱਚ ਸ਼ਾਮਲ ਹੋ ਜਾਓ ਤਾਂ ਰੱਬ ਮਿਹਰ ਕਰੇਗਾ । ਉਹਨਾਂ ਨੇ ਕਿਹਾ ਚਲੋ ਤਜਰਬਾ ਕਰ ਲੈਂਦੇ ਹਾਂ । ਉਹ ਆਪਣੀ ਫ਼ੈਮਲੀ ਸਣੇ ਅੱਠ ਲੋਕਾਂ ਨਾਲ ਜਮਾਤ ਵਿੱਚ ਸ਼ਾਮਲ ਹੋ ਗਈ । ਜਮਾਤ ਵਿੱਚ ਸ਼ਾਮਲ ਹੋਣ ਦੇ ਬਾਦ ਉਹਨਾਂ ਨੇ ਦੇਖਿਆ ਕਿ ਰੱਬ ਨੇ ਉਹਨਾਂ'ਤੇ ਬਹੁਤ ਮਿਹਰ ਕੀਤੀ ਹੈ । ਨ ਕੇਵਲ ਇਹ ਕਿ ਉਹਨਾਂ ਦੀ ਫ਼ਸਲ ਚੰਗੀ ਤੇ ਭਰਪੂਰ ਹੋਈ ਸਗੋਂ ਉਹਨਾਂ ਦਾ ਨੌਜੁਆਨ ਪੁਤੱਰ ਜੋ ਬੀਤੇ ਕਈ ਵਰ੍ਹਿਆਂ ਤੋਂ ਲਾਪਤਾ ਸੀ ਉਸ ਦਾ ਇਟਲੀ ਵਿੱਚ ਰਾਬਤਾ ਹੋ ਗਿਆ । ਹੁਣ ਇਹ ਇਸਤਰੀ ਹਰ ਕਿਸੇ ਨੂੰ ਕਹਿੰਦੀ ਹਨ ਕਿ ਜਮਾਤ ਅਹਮਦੀਆ ਵਿੱਚ ਸ਼ਾਮਲ ਹੋ ਜਾਓ ਕਿਉਂਕਿ ਇਸੇ ਵਿੱਚ ਮੁਕਤੀ ਹੈ ।

ਮੁਬਲੱਗ਼ ਸਿਲਸਿਲਾ ਬੈਨਿਨ ਲਿਖੱਦੇ ਹਨ ਕਿ ਇਸ ਸਾਲ ਵਰਖਾ ਦੇ ਮਹੀਨੇ ਵਿੱਚ ਬਾਸੀਲਾ ਸ਼ਹਿਰ ਵਿੱਚ ਸਖ਼ਤ ਤੂਫ਼ਾਨੀ ਵਰਖਾ ਹੋਈ ਜਿਸ ਕਰਕੇ ਮਿਸ਼ਨ ਹਾਊਸ ਦੀ ਇਕ ਕੰਧ ਡਿੱਗ ਗਈ । ਰਾਤ ਵੀ ਵਰਖਾ ਹੁੰਦੀ ਰਹੀ ਖ਼ਤਰਾ ਸੀ ਕਿ ਦੂਜੀ ਕੰਧ ਵੀ ਡਿੱਗ ਜਾਵੇਗੀ । ਮਿਸ਼ਨ ਹਾਊਸ ਦੀ ਹਾਨੀ ਹੋ ਰਹੀ ਸੀ ਬਹੁਤ ਪ੍ਰੇਸ਼ਾਨ ਸੀ ਤਾਂ ਮੈਂ ਦੁਆ ਕੀਤੀ ਕਿ ਹੇ, ਅਲੱਾਹ ! ਇਸ ਨੁਕਸਾਨ ਨੂੰ ਤੂੰ ਬੈਅਤਾਂ ਰਾਹੀਂ ਪੂਰਾ ਕਰਦੇ ਅਤੇ ਜਮਾਤ ਦੀ ਤਰੱਕੀ ਵਿੱਚ ਬਰਕਤ ਦੇ, ਕਹਿੰਦੇ ਹਨ ਮੈਂ ਇਹ ਦੁਆ ਖ਼ਤਮ ਨਹੀਂ ਕੀਤੀ ਸੀ ਕਿ ਫ਼ੋਨ ਦੀ ਘੰਟ ਵੱਜੀ । ਰਾਤ ਬਾਰ੍ਹਾਂ ਵਜੇ ਦਾ ਸਮਾਂ ਸੀ, ਵਰਖਾ ਤੇ ਅਤਿਅੰਤ ਬਿਜਲੀ ਦੀ ਕੜਕ ਸੀ, ਮੈਂ ਫ਼ੋਨ ਚੁੱਕਿਆ ਤਾਂ ਇਕ ਵਿਅਕਤੀ ਜਿਸ ਦਾ ਨਾਂ ਮੁਹਮੱਦ ਸੀ ਕਹਿਣ ਲਗੱਾ ਕਿ ਪਿੰਡ ਵਾਲੇ ਬੈਅਤ ਕਰਨਾ ਚਾਹੁੰਦੇ ਹਨ । ਇਹ ਪਿੰਡ ਮਿਸ਼ਨ ਹਾਊਸ ਤੋਂ 110 ਕਿਲੋਮੀਟਰ ਦੀ ਦੂਰੀ ਤੇ ਸੀ । ਮੁਬਲੱਗ਼ ਕਹਿੰਦੇ ਹਨ ਮੈਂ ਕੁਝ ਦਿਨਾਂ ਬਾਦ ਓਥੇ ਗਿਆ ਤਾਂ ਓਥੇ 198 ਲੋਕ ਬੈਅਤ ਕਰਕੇ ਜਮਾਤ ਵਿੱਚ ਦਾਖ਼ਲ ਹੋ ਗਏ ।

ਫਿਰ ਬੈਨਿਨ ਦੇ ਮੁਬਲੱਗ਼ ਵਰਨਣ ਕਰਦੇ ਹਨ ਕਿ ਸਾਡੇ ਮੁਅਲੱਮ ਅਹਮਦੀ ਹਮਦੀ ਜਿਬਰੀਲ ਸਾਹਬ ਇਕ ਲੋਕਲ ਰੇਡੀਓ'ਤੇ ਪ੍ਰਚਾਰ ਦਾ ਕੰਮ ਕੀਤਾ ਕਰਦੇ ਹਨ, ਇਕ ਦਿਨ ਉਹਨਾਂ ਦੇ ਪ੍ਰੋਗਰਾਮ ਵਿੱਚ ਇਕ ਇਸਤਰੀ ਨੇ ਕਾਲ

ਕੀਤੀ ਕਹਿਣ ਲੱਗੀ ਮੇਰੇ ਲਈ ਹੈਰਾਨੀ ਦੀ ਗੱਲ ਹੈ ਕਿ ਮਸੀਹ ਦਾ ਪੁਨਰਉਥੱਾਨ ਹੋ ਗਿਆ ਅਤੇ ਸਾਨੂੰ ਪਤਾ ਹੀ ਨਹੀਂ । ਮੈਂ ਮੁਸਲਮਾਨ ਹਾਂ ਅਤੇ ਮੇਰੀ ਫ਼ੈਮਲੀ ਇਸਾਈ ਹੈ ਅਤੇ ਉਹ ਮੈਨੂੰ ਇਸ ਗੱਲ'ਤੇ ਨਿਰਉਤੱਰ ਕਰ ਦਿੰਦੇ ਹਨ ਕਿ ਮੁਸਲਮਾਨ ਆਪ ਕਹਿੰਦੇ ਹਨ ਕਿ ਉਹਨਾਂ ਦੀ ਹਿਦਾਇਤ ਲਈ ਮਸੀਹ ਈਸਾ ਦੁਬਾਰਾ ਆਉਣਗੇ, ਫਿਰ ਉਹਨਾਂ ਨੂੰ ਸੁਮਾਰਗ ਮਿਲੇਗਾ । ਉਸ ਇਸਤਰੀ ਨੇ ਮੁਬਲੱਗ਼ ਨੂੰ ਕਿਹਾ ਕਿ ਆਪ ਮੇਰੇ ਪਿੰਡ ਆਉਣ ਅਤੇ ਉਹਨਾਂ ਨੂੰ ਪ੍ਰਚਾਰ ਕਰਨ । ਸੋ, ਉਹਨਾਂ ਦੇ ਪਿੰਡ ਵਿੱਚ ਕੁਝ ਪ੍ਰਚਾਰਕ ਬੈਠਕਾਂ ਕਰਨ ਨਾਲ 227 ਲੋਕਾਂ ਨੇ ਬੈਅਤ ਕਰਕੇ ਅਹਮਦੀਅਤ ਕੁਬੂਲ ਕੀਤੀ ।

ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਦੁਨੀਆ ਦੇ ਵੱਖ ਵੱਖ ਦੇਸ਼ਾਂ ਤੋਂ ਅਹਮਦੀਅਤ ਕੁਬੂਲ ਕਰਨ ਦੀਆਂ ਇਮਾਨ ਵਧਾਊ ਘਟਨਾਵਾਂ ਵਰਨਣ ਕੀਤੀਆਂ ਅਤੇ ਅਖ਼ੀਰ ਵਿੱਚ ਫ਼ਰਮਾਇਆ : ਵਿਰੋਧੀ ਜੋ ਮੌਲਵੀ ਹਨ ਉਹਨਾਂ ਨੂੰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਗੱਲ ਉਪੱਰ ਗ਼ੌਰ ਕਰਨਾ ਚਾਹੀਦਾ ਹੈ । ਆਪ ਨੇ ਫ਼ਰਮਾਇਆ ਕਿ 'ਚੇਤੇ ਰੱਖੋ, ਜੇਕਰ ਮੈਨੂੰ ਕੁਬੂਲ ਨਹੀਂ ਕਰੋਗੇ ਤਾਂ ਫਿਰ ਤੁਸੀਂ ਕਦੇ ਵੀ ਆਉਣ ਵਾਲੇ ਮੌਊਦ ਨੂੰ ਨਹੀਂ ਪਾਓਗੇ । ਫਿਰ ਫ਼ਰਮਾਇਆ, ਮੇਰੀ ਨਸੀਹਤ ਹੈ ਕਿ ਤਕਵਾ (ਸੰਜਮ) ਨੂੰ ਹੱਥੋਂ ਨ ਜਾਣ ਦਿਓ ਅਤੇ ਰੱਬ ਤਰਸੀ ਨਾਲ ਇਹਨਾਂ ਗੱਲਾਂ'ਤੇ ਗ਼ੌਰ ਕਰੋ ਅਤੇ ਇਕੱਲਿਆਂ ਵਿੱਚ ਸੋਚੋ ਅਤੇ ਅਖੀਰ ਰੱਬ ਨਾਲ ਦੁਆਵਾਂ ਕਰੋ ਕਿ ਉਹ ਦੁਆਵਾਂ ਨੂੰ ਸੁਣਦਾ ਹੈ । ਜੇਕਰ ਨੇਕ ਨੀਤੀ ਨਾਲ ਦੁਆਵਾਂ ਕਰੋਗੇ ਤਾਂ ਉਹ ਦੁਆਵਾਂ ਨੂੰ ਸੁਣੇ ਗਾ ਅਤੇ ਮਾਰਗ ਦਰਸ਼ਨ ਕਰੇਗਾ ।' ਸੋ, ਰੱਬ ਕਰੇ ਕਿ ਇਹ ਲੋਕ ਇਸ ਯੋਗ ਹੋਣ ਕਿ ਰੱਬ ਰਾਹੀਂ ਸੁਮਾਰਗ ਪ੍ਰਾਪਤ ਕਰਨ ਵਾਲੇ ਬਣਨ ਅਤੇ ਰੱਬ ਇਹਨਾਂ ਦੇ ਸੀਨਿ ਖੋਲੇ ।

ਖ਼ੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ : ਜੁਮਏ ਦੀ ਨਮਾਜ਼ ਦੇ ਬਾਦ ਮੈਂ ਇਕ ਨਮਾਜ਼ ਜਨਾਜ਼ਹ ਗ਼ੈਬ ਵੀ ਪੜ੍ਹਾਵਾਂਗਾ ਜੋ ਮੁਕਰੱਮ ਹਾਜੀ ਲਾਸ ਫ਼ਰੀਨ ਹੇਨਸਨ ਸਾਹਬ ਦਾ ਹੈ ਇਹ ਡੈਨਿਸ਼ ਅਹਮਦੀ ਸਨ । ਪਰਸੋਂ ਇਹਨਾਂ ਦੀ ਵਫ਼ਾਤ ਹੋਈ ਹੈ । (اناللہواناالیہراجعون) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਉਹਨਾਂ ਦੇ ਆਚਰਣ, ਵਫ਼ਾਦਾਰੀ, ਗੁਣਾ ਤੇ ਜਮਾਤ ਦੀਆਂ ਸੇਵਾਵਾਂ ਦਾ ਵਰਨਣ ਕੀਤਾ ਅਤੇ ਫ਼ਰਮਾਇਆ ਅਲੱਾਹ ਤਆਲਾ ਮਰਹੂਮ ਦੇ ਦਰਜਿਆਂ ਨੂੰ ਬੁਲੰਦ ਕਰੇ ਅਤੇ ਉਹਨਾਂ ਦੀ ਪਤਨੀ ਤੇ ਬੱਚਿਆਂ ਨੂੰ ਵੀ ਅਹਮਦੀਅਤ ਕੁਬੂਲ ਕਰਨ ਅਤੇ ਅਹਮਦੀਅਤ ਉਪੱਰ ਅਮਲ ਕਰਨ ਦਾ ਸੰਜੋਗ ਪ੍ਰਦਾਨ ਕਰੇ ।

**Khulasa Khutba Jumma 07.04.2017**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131